# ਧੂੰਆਂ ਰਹਿਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਹੋਟਲਾਂ, ਮੋਟਲਾਂ ਅਤੇ ਸਰਾਵਾਂ ਨੂੰ

### ਮੂਲ ਆਧਾਰ

- ਧੂੰਆਂ ਰਹਿਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਹੋਟਲ, ਮੋਟਲ ਅਤੇ ਸਰਾਵਾਂ

ਹੋਟਲਾਂ, ਮੋਟਲਾਂ ਅਤੇ ਸਰਾਵਾਂ ਵਿੱਚ ਹਰ ਜਗਾਹ ਸਿਗਰੇਟ ਪੀਣ ਦੀ ਮਨਾਹੀ ਹੈ-ਸਿਗਰੇਟ ਪੀਣ ਲਈ ਨਿਰਧਾਰਿਤ ਮਹਿਮਾਨਾਂ ਦੇ ਕਮਰੇ ਛੱਡ ਕੇ।

### ਸਿਗਰੇਟ ਪੀਣ ਲਈ ਨਿਰਧਾਰਿਤ ਮਹਿਮਾਨਾਂ ਦੇ ਕਮਰੇ

- ਮਹਿਮਾਨ ਅਪਣੇ ਕਮਰੇ ਵਿੱਚ ਸਿਰਫ਼ ਤਾਂ ਹੀ ਸਿਗਰੇਟ ਪੀ ਸਕਦੇ ਹਨ ਜੇਕਰ ਪ੍ਰਬੰਧਨ ਨੇ ਉਸ ਕਮਰੇ ਨੂੰ ਸਿਗਰੇਟ ਪੀਣ ਲਈ ਮਹਿਮਾਨਾਂ ਦੇ ਕਮਰੇ ਵਜੋਂ ਨਿਰਧਾਰਿਤ ਕੀਤਾ ਹੋਇਆ ਹੈ।
- ਸਿਗਰੇਟ ਪੀਣ ਲਈ ਨਿਰਧਾਰਿਤ ਮਹਿਮਾਨਾਂ ਦਾ ਕਮਰਾ ਪੂਰੀ ਤਰਾਂ ਜ਼ਮੀਨ ਤੋਂ ਛੱਤ ਤੱਕ ਕੰਧਾਂ, ਛੱਤ, ਅਤੇ ਦਰਵਾਜਿਆਂ ਨਾਲ ਬੰਦ ਹੋਣਾ ਚਾਹੀਦਾ ਹੈ, ਜੋ ਕਿ ਇਸ ਨੂੰ ਕਿਸੇ ਹੋਰ ਨਾਲ ਲਗਦੇ ਇਲਾਕੇ ਤੋਂ ਵਖਰਾ ਕਰਦੇ ਹੋਣ ਜਿੱਥੇ ਸਿਗਰੇਟ ਪੀਣ ਦੀ ਮਨਾਹੀ ਹੈ।
- ਕੇਵਲ ਪੰਜੀਕਰਿਤ ਮਹਿਮਾਨ ਅਤੇ ਉਹਨਾਂ ਦੇ ਸੱਦੇ ਹੋਏ ਮਹਿਮਾਨ ਹੀ ਨਿਰਧਾਰਿਤ ਮਹਿਮਾਨ ਕਮਰਿਆਂ ਵਿੱਚ ਸਿਗਰੇਟ ਪੀ ਸਕਦੇ ਹਨ।

### ਮਾਲਕਾਂ ਦੀਆਂ ਜੁੰਮੇਵਾਰੀਆਂ

ਜੇਕਰ ਸਿਗਰੇਟ ਲਈ ਮਹਿਮਾਨ ਕਮਰੇ ਦੇ ਰਹੇ ਹੋ ਤਾਂ ਮਾਲਕਾਂ ਨੂੰ ਚਾਹੀਦਾ ਹੈ ਕਿ ਕਨੂੰਨ ਅਤੇ ਨਿਯਮ ਦੀ ਪੂਰੀ ਤਰਾਂ ਪਾਲਣਾ ਕਰਣ।
ਹੋਟਲਾਂ, ਮੋਟਲਾਂ ਅਤੇ ਸਰਾਵਾਂ ਦੇ ਬਾਕੀ ਸਾਰੇ ਹਿੱਸਿਆਂ ਵਿੱਚ ਮਾਲਕਾਂ ਨੂੰ ਚਾਹੀਦਾ ਹੈ:

- ਇਹ ਯਕੀਨੀ ਬਨਾਓ ਕਿ ਕਰਮਚਾਰੀ ਅਤੇ ਮਹਿਮਾਨ ਇਹ ਜਾਣਦੇ ਹਨ ਕਿ ਸਿਗਰੇਟ ਪੀਣ 'ਤੇ ਮਨਾਹੀ ਹੈ।
- ਐਸ਼ਟਰੇ ਅਤੇ ਕੋਈ ਵੀ ਐਸੀ ਚੀਜ਼ ਜੋ ਐਸ਼ਟਰੇ ਦਾ ਕੰਮ ਕਰਦੀ ਹੋਵੇ ਹਟਾ ਦਿਓ।
- ਇਹ ਯਕੀਨੀ ਬਨਾਓ ਕਿ ਕੋਈ ਵੀ ਵਿਅਕਤੀ ਹੋਟਲਾਂ, ਮੋਟਲਾਂ ਜਾਂ ਸਰਾਵਾਂ ਵਿੱਚ ਸਿਗਰੇਟ ਨਾ ਪੀਵੇ (ਨਿਰਧਾਰਿਤ ਮਹਿਮਾਨ ਕਮਰਿਆਂ ਤੋਂ ਬਿਨਾ)
- ਇਹ ਯਕੀਨੀ ਬਨਾਓ ਕਿ ਜੋ ਵਿਅਕਤੀ ਪਾਲਣਾ ਨਹੀਂ ਕਰਦਾ ਉਹ ਹੋਟਲ, ਮੋਟਲ ਜਾਂ ਸਰਾਂ ਵਿੱਚ ਨਾ ਰਹੇ।
- *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਸਾਂਝੇ ਗੁਸਲਖਾਨਿਆਂ ਅਤੇ ਗੈਰ-ਧੂਮਰਪਾਣ ਵਾਲੇ ਸਾਰੇ ਕਮਰਿਆਂ ਅਤੇ ਨਾਲ ਜੁੜੇ ਗੁਸਲਖਾਨਿਆਂ ਵਿੱਚ ਲਗਾਉਣੇ ਚਾਹੀਦੇ ਹਨ। ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

## ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਹੋਟਲਾਂ, ਮੋਟਲਾਂ ਅਤੇ ਸਰਾਵਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜ਼ੁਰਮਾਨਾ ਹੋ ਸਕਦਾ ਹੈ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario